ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਕਾਲਜ/ਯੂਨੀਵਰਸਿਟੀ ਜਾ ਰਹੇ ਸਿੱਖ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਦਾ ਐਲਾਨ

ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਨੇ ਹੇਠ ਲਿਖੇ ਖੇਤਰਾਂ ਵਿਚ ਕਾਲਜ/ਯੂਨੀਵਰਸਿਟੀ ਦੀਆਂ ਡਿਗਰੀਆਂ ਹਾਸਲ ਕਰਨ ਵਾਲੇ ਸਿੱਖ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਦਾ ਐਲਾਨ ਕੀਤਾ ਹੈ,

1. ਅਧਿਆਪਨ ਪ੍ਰਮਾਣ ਪੱਤਰ (Teaching Credentials): ਚਾਰ ਸਾਲਾਂ ਦੀ ਕਾਲਜ ਡਿਗਰੀ ਤੋਂ ਬਾਅਦ ਅਧਿਆਪਨ ਪ੍ਰਮਾਣ ਪੱਤਰ ਵਿਚ ਦੋ ਸਾਲਾਂ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ਾ $500 ਪ੍ਰਤੀ ਮਹੀਨਾ ਹੈ।

2. ਪੱਤਰਕਾਰੀ: ਪੱਤਰਕਾਰੀ/ਪ੍ਰਸਾਰਣ ਪੱਤਰਕਾਰੀ ਵਿਚ ਦੋ ਸਾਲਾਂ ਦੇ ਮਾਸਟਰ ਕੋਰਸ ਲਈ $1000 ਪ੍ਰਤੀ ਮਹੀਨਾ ਵਜ਼ੀਫ਼ਾ ਹੋਵੇਗਾ।

3. ਚਾਰ ਸਾਲਾ ਕਾਲਜ ਡਿਗਰੀ: ਮੈਡੀਕਲ, ਇੰਜੀਨੀਅਰਿੰਗ, ਨੈਚੁਰਲ ਅਤੇ ਸਮਾਜਿਕ ਵਿਗਿਆਨ; ਅਤੇ ਨਰਸਿੰਗ ਵਿਚ ਚਾਰ ਸਾਲ ਦੀ ਬੈਚੁਲਰ ਡਿਗਰੀ ਲਈ ਵਜ਼ੀਫ਼ਾ $500 ਪ੍ਰਤੀ ਮਹੀਨਾ ਹੋਵੇਗਾ।

4. ਵਿੱਤੀ ਤੰਗੀ ਨਾਲ ਜੂਝ ਰਹੇ ਪਰਿਵਾਰਾਂ ਦੇ ਬੱਚਿਆਂ ਲਈ, ਵੋਕੇਸ਼ਨਲ ਕੋਰਸਾਂ ਵਾਸਤੇ ਵਜ਼ੀਫ਼ੇ ਉਪਲੱਬਧ ਹਨ ਜਿਨ੍ਹਾਂ ਲਈ ਘੱਟੋ-ਘੱਟ ਇੱਕ ਸਾਲ ਦੀ ਹਾਈ ਸਕੂਲ ਤੋਂ ਬਾਅਦ ਸਿਖਲਾਈ ਹੋਣੀ ਜ਼ਰੂਰੀ ਹੈ। ਇਹ ਵਜ਼ੀਫ਼ੇ $500 ਪ੍ਰਤੀ ਮਹੀਨਾ ਹੋਣਗੇ।

ਇਹ ਵਜ਼ੀਫ਼ੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਉਪ-ਨਿਯਮਾਂ (bylaws) ਵਿਚ ਪਰਿਭਾਸ਼ਿਤ ਕੀਤੇ ਅਨੁਸਾਰ ਸੈਨ ਹੋਜ਼ੇ ਖੇਤਰਾਂ ਵਿਚ (ਸਾਂਟਾ ਕਲਾਰਾ, ਸਾਂਟਾ ਕਰੂਜ਼, ਮੋਂਟਰੇ, ਸੈਨ ਮਾਟਿਓ, ਕੌਂਟਰਾ ਕੋਸਟਾ ਅਤੇ ਸੈਨ ਬੇਨੀਟੋ ਦੀਆਂ ਕਾਉਂਟੀਆਂ) ਪ੍ਰਾਇਮਰੀ ਨਿਵਾਸ ਵਾਲੇ ਸਿੱਖ ਵਿਦਿਆਰਥੀਆਂ ਤੱਕ ਸੀਮਿਤ ਹਨ।

ਕੁੱਲ ਵਜ਼ੀਫ਼ਿਆਂ ਦੀ ਗਿਣਤੀ ਚਾਰ ਤੱਕ ਹੈ। ਅਲਗ ਅਲਗ ਖੇਤ੍ਰਾਂ ਵਿਚ ਵਜ਼ੀਫੇ ਆਈਆਂ ਅਰਜ਼ੀਆਂ ਦੇ ਆਧਾਰ ਤੇ ਮਿੱਥੇ ਜਾਣਗੇ । ਵਿੱਤੀ ਲੋੜਾਂ ਦੀ ਸ਼੍ਰੇਣੀ ਵਿਚ ਵਜ਼ੀਫ਼ੇ ਕੇਸ-ਦਰ- ਕੇਸ ਦੇ ਆਧਾਰ ‘ਤੇ ਨਿਰਧਾਰਤ ਕੀਤੇ ਜਾਣਗੇ।

ਅਰਜ਼ੀਆਂ ਦੇਣ ਦੀ ਆਖਰੀ ਮਿਤੀ 15 ਅਕਤੂਬਰ, 2026 ਹੈ।